# ਬਾਲ ਕਲਿਆਣ ਵਿਚ ਸਹਿਯੋਗੀ-ਫੈਸਲੇ ਲੈਣਾ



## ਸਹਿਯੋਗੀ-ਫੈਸਲੇ ਲੈਣ ਤੋਂ ਕੀ ਭਾਵ ਹੈ।





ਸਹਿਯੋਗੀ-ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਉਹ ਮੀਟਿੰਗਾਂ ਹੁੰਦੀਆਂ ਹਨ ਜਿੱਥੇ ਪਰਿਵਾਰ, ਸੋਸ਼ਲ ਵਰਕਰ, ਅਤੇ ਹੋਰ ਸਹਿਯੋਗੀ ਲੋਕ ਬਾਲ ਕਲਿਆਣ ਸਬੰਧੀ ਚਿੰਤਾਵਾਂ ਬਾਰੇ ਚਰਚਾ ਕਰਦੇ ਹਨ ਅਤੇ ਅੱਗੇ ਵਧਣ ਦੇ ਤਰੀਕੇ ਦੀ ਯੋਜਨਾ ਬਣਾਉਂਦੇ ਹਨ।

## ਸਹਿਯੋਗੀ-ਫੈਸਲੇ ਲੈਣ ਦੀ ਚੋਣ ਕਿਉਂ ਕਰੀਏ?



ਵਿਚਾਰ ਸਾਂਝੇ ਕਰੋ ਅਤੇ ਫੈਸਲੇ ਲੈਣ ਵਿਚ ਭਾਗ ਲਓ



ਆਪਣੇ ਸੋਸ਼ਲ ਵਰਕਰ ਅਤੇ ਹੋਰਾਂ ਨਾਲ ਗੱਲਬਾਤ ਵਿੱਚ ਸੁਧਾਰ ਕਰੋ



ਵਿਕਲਪਾਂ 'ਤੇ ਚਰਚਾ ਕਰਨ ਲਈ ਲੋਕਾਂ ਨੂੰ ਇਕੱਠੇ ਕਰੋ



ਅਦਾਲਤ ਵਿੱਚ ਸਮਾਂ ਘਟਾਓ



ਆਪਣੀ ਅਤੇ ਆਪਣੇ ਬੱਚੇ ਦੀ ਸਹਾਇਤਾ ਲਈ ਯੋਜਨਾਵਾਂ ਬਣਾਓ

MediateBC

# ਸਹਿਯੋਗੀ ਫੈਸਲੇ ਲੈਣ ਦੇ ਵਿਕਲਪ

### ਮੀਡੀਏਸ਼ਨ

- ਪਰਿਵਾਰ ਅਤੇ ਸੋਸ਼ਲ ਵਰਕਰ ਅਸਹਿਮਤੀਆਂ ਉੱਤੇ ਕੰਮ ਕਰਦੇ ਹਨ ਅਤੇ ਯੋਜਨਾਵਾਂ ਬਣਾਉਂਦੇ ਹਨ
- ਇੱਕ ਨਿਰਪੱਖ ਮੀਡੀਏਟਰ ਦੁਆਰਾ ਸਹੂਲਤ
- ਸਹਿਯੋਗੀ ਲੋਕ ਸ਼ਾਮਲ ਹੋ ਸਕਦੇ ਹਨ





### ਫੈਮਿਲੀ ਕੇਸ-ਪਲਾਨਿੰਗ ਕਾਨਫਰੰਸਾਂ (FCPC)

- ਪਰਿਵਾਰ ਅਤੇ ਸੋਸ਼ਲ ਵਰਕਰ ਜਾਣਕਾਰੀ ਸਾਂਝੀ ਕਰਦੇ ਹਨ ਅਤੇ ਛੋਟੀ ਮਿਆਦ ਦੀਆਂ ਯੋਜਨਾਵਾਂ ਬਣਾਉਂਦੇ ਹਨ
- ਇੱਕ ਫੈਸੀਲੀਟੇਟਰ ਦੁਆਰਾ ਚਲਾਇਆਂ ਜਾਂਦੀਆਂ ਹਨ

### ਫੈਮਿਲੀ ਗਰੁੱਪ ਕਾਨਫਰੰਸਾਂ (FGC)

- ਪਰਿਵਾਰ ਅਤੇ ਉਹਨਾਂ ਦੇ ਸਹਿਯੋਗੀ ਲੋਕ ਲੰਬੇ ਸਮੇਂ ਦੀਆਂ ਯੋਜਨਾਵਾਂ ਬਣਾਉਂਦੇ ਹਨ
- ਪਰਿਵਾਰਾਂ ਕੋਲ ਯੋਜਨਾਬੰਦੀ ਲਈ ਨਿੱਜੀ ਸਮਾਂ ਹੁੰਦਾ ਹੈ
- ਇੱਕ ਫੈਸੀਲੀਟੇਟਰ ਦੁਆਰਾ ਆਯੋਜਿਤ





### ਯੂਥ ਟ੍ਰਾਂਜ਼ਿਸ਼ਨ ਕਾਨਫਰੰਸਾਂ (YTC)

- ਫੋਸਟਰ ਕੇਅਰ ਨੂੰ ਛੱਡਣ 'ਤੇ ਸਫਲਤਾ ਲਈ ਯੁਵਾ-ਕੇਂਦ੍ਰਿਤ ਯੋਜਨਾਬੰਦੀ
- ਇੱਕ ਫੈਸੀਲੀਟੇਟਰ ਅਤੇ ਨੌਜਵਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ

### ਟ੍ਰੇਡੀਸ਼ਨਲ ਡੀਸੀਜ਼ਨ ਮੇਕਿੰਗ (TDM)

- ਪਰਿਵਾਰ ਫੈਸਲੇ ਲੈਣ ਦੇ ਆਪਣੇ ਦੇਸੀ ਤਰੀਕਿਆਂ ਵਿਚ ਹਿੱਸਾ ਲੈਂਦੇਹਨ
- ਇੱਕ ਸਥਾਨਕ ਫੈਸੀਲੀਟੇਟਰ ਦੁਆਰਾ ਸੰਚਾਲਿਤ



### ਜੇਕਰ ਤੁਸੀਂ ਇੱਕ ਸਹਿਯੋਗੀ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ:

- ਆਪਣੇ ਸੋਸ਼ਲ ਵਰਕਰ ਨੂੰ ਦੱਸੋ
- ਮਦਦ ਲੈਣ ਲਈ ਆਪਣੇ ਸੇਵਾ ਪ੍ਰਦਾਤਾ ਜਾਂ ਵਕੀਲ ਨੂੰ ਆਖੋ
- ਮੀਡੀਏਟ BC 'ਤੇ ਇਕ ਨੈਵੀਗੇਟਰ ਨਾਲ ਸੰਪਰਕ ਕਰੋ: 1-877-656-1300 ਐਕਸਟੈਂਸ਼ਨ 104 ਜਾਂ navigator@mediatebc.com

MediateBC